# ਹਰਜੀਤ ਅਟਵਾਲ ਦਾ ਨਾਵਲ ਸਾਊਥਾਲ

*ਬਰਤਾਨਵੀ ਪੰਜਾਬੀ ਸਮਾਜ ਦੇ ਨਵੇਂ ਸਮੱਸਿਆਕਾਰ*

**ਡਾ. ਰਵਿੰਦਰ ਸਿੰਘ***

ਹਰਜੀਤ ਅਟਵਾਲ ਪਰਵਾਸੀ ਪੰਜਾਬੀਆਂ ਵਿਚੋਂ ਪੰਜਾਬੀ ਵਿਚ ਲਿਖਣ ਵਾਲਾ ਇਕ ਚਰਚਿਤ ਨਾਵਲਕਾਰ ਹੈ। ਹੁਣ ਤਕ ਉਸਦੇ ਤਿੰਨ ਨਾਵਲ '**ਵਨ ਵੇ, ਰੇਤ ਅਤੇ ਸਾਊਥਾਲ**' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਉਸਦੇ ਪੰਜ ਕਹਾਣੀ ਸੰਗ੍ਰਹਿ–**ਸੁੱਕਾ ਪੱਤਾ ਤੇ ਹਵਾ, ਕਾਲਾ ਲਹੂ, ਸੱਪਾਂ ਦਾ ਘਰ ਬਰਤਾਨੀਆਂ, ਖੂਹ ਵਾਲਾ ਘਰ**, ਅਤੇ **ਇਕ ਸੱਚ ਮੇਰਾ ਵੀ** – ਪ੍ਰਕਾਸ਼ਿਤ ਹੋਏ ਹਨ ਜਿਸ ਨਾਲ ਉਸਦਾ ਨਾਂ ਬਰਤਾਨੀਆ ਦੇ ਪ੍ਰਮੁੱਖ ਪੰਜਾਬੀ ਸਾਹਿਤਕਾਰਾਂ ਵਿਚ ਸ਼ੁਮਾਰ ਹੋ ਚੁੱਕਾ ਹੈ। ਹਰਜੀਤ ਅਟਵਾਲ ਦੀਆਂ ਸਾਹਿਤਕ ਕਿਰਤਾਂ ਵਿਚ ਉਸਦੇ ਪਰਵਾਸੀ ਅਨੁਭਵ ਦਾ ਹੀ ਪ੍ਰਗਟਾ ਹੁੰਦਾ ਹੈ। ਭਾਵੇਂ ਕਿ ਬਰਤਾਨੀਆ ਵਿਚ ਹੋਰ ਵੀ ਕਈ ਚਰਚਿੱਤ ਨਾਵਲਕਾਰ ਆਪਣੇ ਅਨੁਭਵਾਂ ਨੂੰ ਲਿਖ ਰਹੇ ਹਨ ਪਰ ਵਿਸ਼ੇ ਦੀ ਪੇਸ਼ਕਾਰੀ ਦੇ ਕੁਝ ਪੱਖਾਂ ਤੋਂ ਹਰਜੀਤ ਅਟਵਾਲ ਦਾ ਨਜ਼ਰੀਆ ਥੋੜ੍ਹਾ ਵੱਖਰਾ ਹੋ ਨਿਬੜਦਾ ਹੈ। ਪਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਸਮਾਂ ਬੀਤਣ ਦੇ ਨਾਲ ਨਾਲ ਆਪਣੇ ਸਰੋਕਾਰਾਂ ਨੂੰ ਵੀ ਵਿਸਤ੍ਰਤ ਕੀਤਾ ਹੈ। ਪਰਵਾਸ ਨਾਲ ਜੁੜੇ ਸਮਾਜਕ-ਸਭਿਆਚਾਰਕ ਮਸਲਿਆਂ ਦੀਆਂ ਹੋਰ ਡੂੰਘਾਈਆਂ ਤੱਕ ਪਹੁੰਚ ਕੀਤੀ ਹੈ। ਉਨ੍ਹਾਂ ਮਸਲਿਆਂ ਨੂੰ ਨਵੇਂ ਵਿਚਾਰਧਾਰਕ ਸੰਦਰਭਾਂ ਵਿਚ ਰੱਖਕੇ ਨਜਿੱਠਣ ਦਾ ਵੀ ਉਪਰਾਲਾ ਕੀਤਾ ਜਾ ਰਿਹਾ ਹੈ। ਕਿਸੇ ਵੇਲੇ ਪੰਜਾਬੀ ਸਭਿਆਚਾਰ ਦੇ ਇਕ ਸੰਕਟ ਵਜੋਂ ਸਮਝੇ ਜਾਣ ਵਾਲੇ ਮੁੱਦਿਆਂ ਨੂੰ ਇਕ ਨਵੇਂ ਕਿਸਮ ਦੇ ਸਭਿਆਚਾਰ ਦੀ ਬਣਤ ਵਾਂਗ ਵਾਚਣ ਦਾ ਉਪਰਾਲਾ ਵੀ ਕੀਤਾ ਗਿਆ ਹੈ। ਹਰਜੀਤ ਅਟਵਾਲ ਦਾ ਨਵਾਂ ਨਾਵਲ 'ਸਾਊਥਾਲ' ਇਸੇ ਤਰ੍ਹਾਂ ਦੇ ਵਿਚਾਰ ਵਿਚੋਂ ਪੈਦਾ ਹੋਇਆ ਨਾਵਲ ਹੈ ਜੋ ਵਰਤਮਾਨ ਬਰਤਾਨਵੀ ਪੰਜਾਬੀ ਸਮਾਜ ਦੀਆਂ ਸੱਚਾਈਆਂ ਨੂੰ ਨਜ਼ਰ ਵਿਚ ਰੱਖ ਕੇ ਇਕ ਨਵੇਂ ਕਿਸਮ ਦੇ ਸਭਿਆਚਾਰ ਦੀ ਪੜਤਾਲ ਕਰਦਾ ਹੈ ਜਿਸਨੂੰ ਉਹ 'ਭਾਰਤੀ ਸਭਿਆਚਾਰ ਦਾ ਅੰਗਰੇਜ਼ੀਕਰਨ ਵੀ ਆਖਦਾ ਹੈ।"[1]

*** ਐਸੋਸੀਏਟ ਪ੍ਰੋਫੈਸਰ, ਦਿਆਲ ਸਿੰਘ ਕਾਲਜ, ਨਵੀਂ ਦਿੱਲੀ**

[1] ਹਰਜੀਤ ਅਟਵਾਲ, ਸਾਊਥਾਲ

ਸਾਊਥਾਲ ਨਾਵਲ ਦਾ ਵਿਸ਼ਾ ਆਪਣੇ ਸੰਦਰਭਾਂ ਪੱਖੋਂ ਭਾਵੇਂ ਬਰਤਾਨਵੀ ਪੰਜਾਬੀ ਭਾਈਚਾਰੇ ਦੇ ਜੀਵਨ ਦੀਆਂ ਉਨ੍ਹਾਂ ਸਮੱਸਿਆਵਾਂ ਅਤੇ ਤਣਾਵਾਂ ਨਾਲ ਜੁੜਿਆ ਹੋਇਆ ਹੈ ਜੋ ਅਜੋਕੇ ਸਮੇਂ ਵਿਚ ਲਿਖੇ ਜਾ ਰਹੇ ਹੋਰਨਾਂ ਪਰਵਾਸੀ ਪੰਜਾਬੀ ਲੇਖਕਾਂ ਦੇ ਨਾਵਲਾਂ ਵਾਂਗ ਹੀ ਸਾਂਝੇ ਹਨ ਪਰ ਇਸ ਦੇ ਸਰੋਕਾਰ ਬਹੁਤ ਹੀ ਨਿਵੇਕਲੇ ਢੰਗ ਨਾਲ ਪੇਸ਼ ਹੁੰਦੇ ਹਨ। ਆਪਣੇ ਦੇਸ਼ ਨੂੰ ਛੱਡਕੇ ਦੂਜੇ ਦੇਸ਼ ਵਿਚ ਜਾ ਕੇ ਵਸਣ ਦਾ ਅਮਲ ਬਹੁਤ ਪੇਚੀਦਾ ਕਿਸਮ ਦਾ ਹੁੰਦਾ ਹੈ। ਇਹ ਪਰਵਾਸ ਭਾਵੇਂ ਕੰਮ-ਧੰਦੇ ਦੀ ਤਲਾਸ਼ ਕਾਰਣ ਹੋਵੇ ਜਾਂ ਫਿਰ ਬੇਹਤਰ ਜੀਵਨ-ਸ਼ੈਲੀ ਅਤੇ ਸਹੂਲਤਾਂ ਦੀ ਖਿੱਚ ਕਾਰਣ ਹੋਵੇ ਪਰ ਇਕ ਥਾਂ ਤੋਂ ਉੱਖੜਕੇ ਦੂਜੀ ਥਾਂ ਦੀ ਆਬੋਹਵਾ ਵਿਚ ਜੀਉਣ ਦੇ ਪ੍ਰਭਾਵ ਵਿਅਕਤੀ ਦੇ ਆਪਣੇ ਵਿਅਕਤੀਤੱਵ ਉੱਪਰ ਤਾਂ ਪੈਂਦੇ ਹੀ ਹਨ ਨਾਲ ਹੀ ਉਸਦੀ ਪਛਾਣ ਕਰਾਉਣ ਵਾਲੇ ਸਭਿਆਚਾਰ ਨੂੰ ਵੀ ਪ੍ਰਭਾਵਿਤ ਕਰਦੇ ਹਨ। ਸਭਿਆਚਾਰਾਂ ਵਿਚਕਾਰ ਆਦਾਨ-ਪ੍ਰਦਾਨ ਦਾ ਕੁਦਰਤੀ ਅਮਲ ਤਾਂ ਬਹੁਤ ਸਹਿਜਤਾ ਨਾਲ ਨਿਬੜਦਾ ਚਲਿਆ ਜਾਂਦਾ ਹੈ ਪਰ ਗ਼ੈਰ-ਕੁਦਰਤੀ ਤੌਰ ‘ਤੇ ਹੋਣ ਵਾਲੇ ਆਦਾਨ-ਪ੍ਰਦਾਨ ਵਿਚ ਟਕਰਾਓ ਅਤੇ ਸੰਦੇਹ ਵਧੇਰੇ ਉਪਜਦਾ ਹੈ। ਹਰਜੀਤ ਅਟਵਾਲ ਨੇ ਆਪਣੇ ਨਾਵਲ ‘ਸਾਊਥਾਲ’ ਵਿਚ ਸਭਿਆਚਾਰਕ ਪਛਾਣ ਦੇ ਕਈ ਮੁੱਦਿਆਂ ਨੂੰ ਇਕ ਵੱਖਰੇ ਸੰਦਰਭ ਵਿਚ ਰੱਖਕੇ ਦੇਖਣ ਦਾ ਜਤਨ ਕੀਤਾ ਹੈ। ਇਸਦਾ ਸਰੋਕਾਰ ਬਰਤਾਨੀਆ ਵਿਚ ਵਸਦੇ ਪੰਜਾਬੀ ਸਮਾਜ ਦੀ ਸਭਿਆਚਾਰਕ ਪਛਾਣ ਦੀ ਟੁੱਟ ਭੱਜ ਨਾਲ ਹੈ ਜਿਸ ਵਿਚੋਂ ਕਿ ਇਕ ਨਵੇਂ ਕਿਸਮ ਦਾ ਸਭਿਆਚਾਰ ਵਿਕਸਤ ਹੋਣ ਦਾ ਅਮਲ ਚਲ ਰਿਹਾ ਹੈ। ਇਸੇ ਗੱਲ ਵੱਲ ਹਰਜੀਤ ਅਟਵਾਲ ਨੇ ਇਸ਼ਾਰਾ ਵੀ ਕੀਤਾ ਹੈ ਕਿ-“ਵੱਡਾ ਦੁਖਾਂਤ ਇਹੋ ਹੈ ਕਿ ਅਸੀਂ ਇਥੋਂ ਦਾ ਸਭਿਆਚਾਰ ਅਪਣਾ ਨਹੀਂ ਸਕੇ। ਅਸੀਂ ਇਸ ਨੂੰ ਅਪਨਾਉਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਇਵੇਂ ਸਭਿਆਚਾਰ ਅਪਣਾਏ ਵੀ ਨਹੀਂ ਜਾ ਸਕਦੇ। ਆਪਾਂ ਇਹ ਕਹਿ ਸਕਦੇ ਹਾਂ ਕਿ ਇਥੇ ਆ ਕੇ ਅਸੀਂ ਪੱਛਮੀ ਸਭਿਆਚਾਰ ਦੇ ਨੇੜੇ ਤੇੜੇ ਰਹੇ ਹਾਂ। ਸਾਡੇ ਬੱਚੇ ਸਾਡੇ ਸਭਿਆਚਾਰ ਤੋਂ ਦੂਰ ਜ਼ਰੂਰ ਗਏ ਹਨ। ਉਨ੍ਹਾਂ ਨੇ ਵੀ ਪੱਛਮੀ ਸਭਿਆਚਾਰ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਇਆ ਸਗੋਂ ਉਨ੍ਹਾਂ ਨੇ ਇਕ ਨਵੇਂ ਸਭਿਆਚਾਰ ਨੂੰ ਪੈਦਾ ਕੀਤਾ ਹੈ। ਉਨ੍ਹਾਂ ਭਾਰਤੀ ਸਭਿਆਚਾਰ ਦਾ ਅੰਗਰੇਜ਼ੀਕਰਨ ਕਰ ਦਿੱਤਾ ਹੈ ਜਿਸ ਦੀ ਆਪਣੀ ਖ਼ੂਬਸੂਰਤੀ ਹੈ।”

ਆਪਣੇ ਇਸੇ ਵਿਚਾਰ ਨੂੰ ਮੁੱਖ ਰਖਕੇ ਹਰਜੀਤ ਅਟਵਾਲ ਨੇ ਵਰਤਮਾਨ ਬਰਤਾਨਵੀ ਪੰਜਾਬੀ ਸਮਾਜ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਹੈ। ਪਰਵਾਸੀ ਪੰਜਾਬੀ ਸਾਹਿਤਕਾਰਾਂ ਦੀਆਂ ਲਿਖਤਾਂ ਦਾ ਵਾਸਤਾ ਵਧੇਰੇ ਕਰਕੇ ਸਮਾਜਕ-ਸਭਿਆਚਾਰਕ ਮਸਲਿਆਂ ਨਾਲ ਹੀ ਰਿਹਾ ਹੈ। ਇਹ ਮਸਲੇ ਭਾਵੇਂ ਦੋ ਸਮਾਜ-ਸਭਿਆਚਾਰਾਂ ਦੇ ਆਪਸੀ ਸੰਵਾਦ ਨਾਲ ਸੰਬੰਧਤ ਹੋਣ ਜਾਂ ਭਾਵੇਂ ਉਨ੍ਹਾਂ ਦੇ ਟਕਰਾਓ ਨਾਲ ਸੰਬੰਧਤ ਹੋਣ। ਭਾਰਤ ਖ਼ੁਦ ਵੀ ਮਿਸ਼ਰਤ

ਸਭਿਅਤਾਵਾਂ ਦਾ ਇਕ ਵੱਡਾ ਉਦਾਹਰਣ ਹੈ। ਇਸਦੇ ਇਤਿਹਾਸ ਨੇ ਸਭਿਆਚਾਰਾਂ ਦਾ ਟਕਰਾਓ ਵੀ ਵੇਖਿਆ ਹੈ ਤੇ ਸੰਵਾਦ ਵੀ ਸਿਰਜਿਆ ਹੈ। ਅਜਿਹੀ ਧਰਤੀ ਨਾਲ ਜੁੜੇ ਲੋਕਾਂ ਦੀ ਮਨੋ-ਬਿਰਤੀ ਵਧੇਰੇ ਕਰਕੇ ਸੰਵਾਦੀ ਰੂਪ ਹੀ ਧਾਰਦੀ ਹੈ। ਇਸੇ ਕਿਸਮ ਦੀ ਮਾਨਸਿਕਤਾ ਨਾਲ ਬਾਹਰਲੇ ਮੁਲਕਾਂ ਵਿਚ ਗਏ ਲੋਕਾਂ ਦਾ ਧਿਆਨ ਸ਼ੁਰੂਆਤ ਵਿਚ ਕਦੀ ਵੀ ਆਪਣੀ ਪਛਾਣ ਨੂੰ ਕਾਇਮ ਰੱਖਣ ਜਾਂ ਉਸਨੂੰ ਬਨਾਉਣ ਦੇ ਮਸਲਿਆਂ ਵਿਚ ਨਹੀਂ ਰਿਹਾ। ਉਨ੍ਹਾਂ ਦਾ ਮਨੋਰਥ ਤਾਂ ਆਪਣੇ ਆਪ ਨੂੰ ਬੇਗਾਨੇ ਮੁਲਕ ਵਿਚ ਕਿਸੇ ਵੀ ਤਰ੍ਹਾਂ ਪੱਕੇ ਪੈਰੀਂ  ਕਰਨ ਦਾ ਸੀ। ਇਸੇ ਲਈ ਹੁਣ ਵੀ ਜਦ ਕੋਈ ਨਵਾਂ ਬੰਦਾ ਜਾਂ 'ਫੌਜੀ' ਜਾਂ ਫਰੈਸ਼ੀ ਉਥੇ ਪਹੁੰਚਦਾ ਹੈ ਤਾਂ ਉਹ ਵੀ ਜਾਂਦਿਆਂ ਸਾਰ ਪੱਕੇ ਹੋਣ ਦੇ ਹੀ ਰਾਹ ਤਲਾਸ਼ਦਾ ਹੈ। ਇਸ ਸਥਿਤੀ ਨੂੰ ਨਾਵਲ ਵਿਚ ਬਹੁਤ ਰੌਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਵਿਆਹ ਕਰਵਾਕੇ ਬਾਹਰ ਜਾਣ ਵਾਲੇ ਮੁੰਡੇ-ਕੁੜੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਤਕਲੀਫਾਂ ਸਹਿਣੀਆਂ ਪੈਂਦੀਆਂ ਹਨ। ਜਿਨ੍ਹਾਂ ਵਿਚੋਂ ਕਈ ਤਾਂ ਬਹੁਤ ਅਮਾਨਵੀ ਹੋ ਜਾਂਦੀਆਂ ਹਨ। ਇਸੇ ਲਈ ਕੁੜੀਆਂ ਦਾ ਸ਼ਰੀਰਕ ਸ਼ੋਸ਼ਣ ਇਕ ਗੰਭੀਰ ਮਸਲਾ ਬਣਕੇ ਉਭਰਦਾ ਹੈ। ਫਿਰ ਭਾਵੇਂ ਉਹ ਰਜ਼ਾਮੰਦੀ ਨਾਲ ਹੋਵੇ ਜਾਂ ਵਰਗਲਾ ਕੇ ਹੋਵੇ। ਇਹ ਕੁਝ ਅਜਿਹੇ ਮਸਲੇ ਹਨ ਜੋ ਇਸ ਨਾਵਲ ਦੀ ਪਿੱਠ ਭੂਮੀ ਵਿਚ ਕੰਮ ਕਰਨ ਵਾਲੇ ਪਾਤਰਾਂ ਦੀ ਮਾਨਸਿਕਤਾ ਨੂੰ ਸਿਰਜਦੇ ਹਨ।

ਹਰਜੀਤ ਅਟਵਾਲ ਬਹੁਤ ਲੰਮੇ ਸਮੇਂ ਤੋਂ ਬਰਤਾਨੀਆ ਵਿਚ ਜਾ ਕੇ ਵਸੇ ਹੋਏ ਪੰਜਾਬੀਆਂ ਵਿਚੋਂ ਹੈ। ਉਸਨੇ ਆਪਣੀ ਪੀੜ੍ਹੀ ਦੇ ਨਾਲ ਨਾਲ ਆਪਣੇ ਤੋਂ ਪਹਿਲੀ ਪੀੜ੍ਹੀ ਅਤੇ ਆਪਣੇ ਤੋਂ ਅਗਲੀ ਪੀੜ੍ਹੀ, ਤਿੰਨਾਂ ਨੂੰ ਬਹੁਤ ਨਿਰਪੱਖਤਾ ਨਾਲ ਸਮਝਣ ਅਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਉਦੇਸ਼ ਲਈ ਉਸਨੇ ਇਥੋਂ ਜਾਕੇ ਉੱਥੇ ਵੱਸੀ ਪੀੜ੍ਹੀ ਦੀ ਕਥਾ ਨੂੰ ਸਿਰਜਿਆ ਹੈ ਜਿਸਨੇ ਆਪਣੇ ਆਪ ਨੂੰ ਉਥੋਂ ਦੀ ਆਰਥਕਤਾ ਨਾਲ ਜਦੋ-ਜਹਿਦ ਕਰਦਿਆਂ, ਹਾਲਾਤ ਦੇ ਮੁਤਾਬਿਕ ਤਾਂ ਢਾਲ ਲਿਆ ਪਰ ਇਸ ਦੌਰਾਨ ਉਹ ਆਪਣੇ ਸਮਾਜਕ ਵਰਤਾਰੇ ਤੋਂ ਟੁੱਟਣ ਲਈ ਮਜਬੂਰ ਹੋ ਗਏ। ਸਮੇਂ ਦੇ ਨਾਲ ਨਾਲ ਜਦ ਉਹ ਉਥੇ ਟਿੱਕ ਗਏ ਤਾਂ ਉਨ੍ਹਾਂ ਨੂੰ ਆਪਣੇ ਸਭਿਆਚਾਰ ਅਤੇ ਆਪਣੀ ਪਛਾਣ ਦੇ ਮਸਲਿਆਂ ਨੇ ਘੇਰ ਲਿਆ। ਇਹ ਗੱਲ ਬਿਲਕੁਲ ਠੀਕ ਜਾਪਦੀ ਹੈ ਕਿ ਕੋਸ਼ਿਸ਼ ਕਰਨ ਨਾਲ ਸਭਿਆਚਾਰ ਅਪਣਾਏ ਨਹੀਂ ਜਾ ਸਕਦੇ। ਉਥੇ ਗਈ ਇਕ ਪੀੜ੍ਹੀ ਆਪਣੇ ਕੰਮਕਾਰ ਦੇ ਮਸਲਿਆਂ ਨਾਲ ਹੀ ਜੁੜੀ ਰਹੀ ਤੇ ਆਪਣੇ ਸਮਾਜਕ ਜੀਵਨ ਦੇ ਮਹੱਤਵ ਨੂੰ ਵਿੱਸਰ ਗਏ।

'ਸਾਊਥਾਲ' ਭਾਵੇਂ ਇੰਗਲੈਂਡ ਦਾ ਕੋਈ ਬਹੁਤ ਵੱਡਾ ਜਾਂ ਅਹਿਮ ਇਲਾਕਾ ਨਹੀਂ ਹੈ ਪਰ ਪੰਜਾਬੀਆਂ ਵਿਚ ਇਸ ਨਾਂ ਦੀ ਅਹਿਮੀਅਤ ਕਈ ਗੱਲਾਂ ਤੋਂ ਬਣਦੀ ਹੈ। ਇੰਗਲੈਂਡ ਦੇ ਏਅਰ ਪੋਰਟ ਦੇ ਕੋਲ ਹੋਣ ਕਰਕੇ ਪੰਜਾਬੀਆਂ

ਨੇ ਇਸੇ ਥਾਂ ਨੂੰ ਆਪਣੇ ਰਹਿਣ ਲਈ ਚੁਣ ਲਿਆ ਸੀ। ਆਪਣੇ ਧਾਰਮਿਕ ਅਕੀਦਿਆਂ ਮੁਤਾਬਿਕ ਹਰ ਧਰਮ ਅਤੇ ਭਾਈਚਾਰੇ ਨੇ ਆਪਣੇ ਪੂਜਾ ਅਸਥਾਨਾਂ ਦੀ ਉਸਾਰੀ ਵੀ ਕਰ ਲਈ। ਉਥੋਂ ਦੇ ਪੰਜਾਬੀਆਂ ਦੇ ਸਧਾਰਣ ਰੁਝੇਵਿਆਂ ਵਿਚ ਗੁਰਦੁਆਰੇ ਜਾਣਾ ਅਤੇ ਪੱਬ ਜਾਣਾ ਸ਼ਾਮਲ ਹੁੰਦਾ ਹੈ। ਦੋਵੇਂ ਥਾਵਾਂ ਸਮਾਜਕ ਮਿਲਵਰਤਣ ਦੀ ਥਾਂ ਬਣ ਗਏ ਹਨ। ਇਨ੍ਹਾਂ ਥਾਵਾਂ ‘ਤੇ ਮਿਲਦਿਆਂ-ਜੁਲਦਿਆਂ ਇਹ ਭਾਈਚਾਰਾ ਆਪਣੇ ਸਮਾਜ-ਸਭਿਆਚਾਰ ਦੀ ਨਿੱਘ ਦਾ ਸੁੱਖ ਮਾਣਦਾ ਪ੍ਰਤੀਤ ਹੁੰਦਾ ਹੈ। ਸਭਿਆਚਾਰਕ ਪ੍ਰਗਟਾਵੇ ਪੱਖੋਂ ਲੋਕ ਇਨ੍ਹਾਂ ਸਕੂਨ ਮਹਿਸੂਸ ਕਰਦੇ ਹਨ ਕਿ ਆਪਣੀ ਮਾਤ-ਭੂੰਮੀ ਨਾਲੋਂ ਟੁੱਟਣ ਦਾ ਹੇਰਵਾ ਵੀ ਤਕਰੀਬਨ ਖਤਮ ਹੁੰਦਾ ਜਾਪਦਾ ਹੈ।

ਸਾਊਥਾਲ ਕਈ ਗੱਲਾਂ ਕਰਕੇ ਹੋਰਨਾਂ ਇਲਾਕਿਆਂ ਨਾਲੋਂ ਵੱਖਰਾ ਹੈ। ਇਥੇ ਵਸਦੇ ਲੋਕਾਂ ਦੇ ਮਸਲੇ ਹੁਣ ਪਹਿਲਾਂ ਵਾਲੇ ਨਸਲਵਾਦ ਨਾਲ ਜੂਝਣ ਵਰਗੇ ਨਹੀਂ ਰਹੇ ਸਗੋਂ ਬਦਲ ਰਹੇ ਹਨ ਕਿਉਂਕਿ ਸਾਊਥਾਲ ਆਪਣੇ ਆਪ ਵਿਚ ਮਿੰਨੀ ਪੰਜਾਬ ਹੀ ਲਗਦਾ ਹੈ।“ਸਾਰੇ ਹੀ ਦੇਸੀ ਚਿਹਰੇ ਹਨ। ਗੋਰਾ ਰੰਗ ਦੇਖਣ ਨੂੰ ਵੀ ਨਹੀਂ ਮਿਲਦਾ।(ਬਰੌਡਵੇਅ)”[2] ਨਾਵਲਕਾਰ ਨੇ ਜਿਸ ਤਰ੍ਹਾਂ ਇਸਦੇ ਬਰੌਡਵੇਅ ਅਤੇ ਹੋਰਨਾਂ ਥਾਵਾਂ ਦਾ ਚਿੱਤਰ ਪੇਸ਼ ਕੀਤਾ ਹੈ ਉਹ ਕਿਸੇ ਵੀ ਭਾਰਤੀ ਪੰਜਾਬੀ ਵਸੋਂ ਵਾਲੇ ਇਲਾਕੇ ਨਾਲ ਮੇਲ ਖਾਂਦਾ ਹੈ। ਏਸ਼ੀਆਈ ਵਸੋਂ ਦੀ ਭਰਮਾਰ ਹੋਣ ਕਾਰਣ ਲੋਕਾਂ ਵਿਚ ਕੁਝ ਸਭਿਆਚਾਰਕ ਆਤਮ-ਵਿਸ਼ਵਾਸ ਵੀ ਪੈਦਾ ਹੋ ਚੁੱਕਾ ਹੈ। ਇਸ ਬਾਰੇ ਨਾਵਲ ਵਿਚ ਪੇਸ਼ ਇਹ ਕਥਨ ਵੀ ਇਸੇ ਗੱਲ ਵੱਲ ਇਸ਼ਾਰਾ ਕਰਦਾ ਹੈ:

> “ਨਸਲਵਾਦ ਦਾ ਤਜਰਬਾ ਉਨ੍ਹਾਂ ਲੋਕਾਂ ਨੂੰ ਹੀ ਹੁੰਦਾ ਹੈ ਜਿਹੜੇ ਗੋਰਿਆਂ ਵਿਚ ਵਿਚਰਦੇ ਹਨ, ਜਿਨ੍ਹਾਂ ਦਾ ਗੋਰਿਆਂ ਨਾਲ ਵਾਹ ਪੈਂਦਾ ਹੈ। ਇਹ ਸਾਊਥਾਲ ਨੂੰ ਤਾਂ ਅਸੀਂ ਆਪਣੇ ਸੱਭਿਆਚਾਰ ਲਈ ਜਾਂ ਆਪਣੇ ਰੰਗ ਲਈ ਇਕ ਤਰ੍ਹਾਂ ਦਾ ਕਵੱਚ ਬਣਾ ਲਿਆ ਹੈ। ਇਥੋਂ ਤਕ ਨਸਲਵਾਦੀ ਗੋਰੇ ਪਹੁੰਚ ਨਹੀਂ ਕਰ ਸਕਦੇ। ਜੇ ਕਰਨਗੇ ਤਾਂ ਉਨਾਸੀ ਵਾਲੇ ਦੰਗੇ ਫਿਰ ਭੜਹ ਉੱਠਣਗੇ। ਵੈਸੇ ਵੀ ਇਸ ਸਮਾਜ ਵਿਚ ਅਸੀਂ ਇਕ ਨਵਾਂ ਆਪਣੇ ਢੰਗ ਦਾ ਸਮਾਜ ਵਸਾ ਲਿਆ ਹੈ ਜਿਹਦੇ ਕਰਕੇ

[2] ਉਹੀ, ਪੰਨਾ-10

ਗੋਰਿਆਂ ਨਾਲ ਸਾਡਾ ਵਾਹ ਨਹੀਂ ਪੈਂਦਾ।...ਇਹ ਮਸਲਾ ਘਸ ਚੁੱਕਾ ਹੈ, ਇਨ੍ਹਾਂ ਘਸ ਗਿਐ ਕਿ ਇਹ ਸਾਨੂੰ ਪਹਿਲਾਂ ਵਾਂਗ ਕਾਟ ਨਹੀਂ ਕਰਦਾ।(ਗਰੇਵਾਲ)"[3]

ਫਿਰ ਵਰਤਮਾਨ ਵਿਚ ਜਦ ਅਗਲੇਰੀ ਪੀੜ੍ਹੀ ਆਪਣੀ ਸਭਿਆਚਾਰਕ, ਧਾਰਮਿਕ ਤੇ ਸਮਾਜਿਕ ਪਛਾਣ ਬਾਰੇ ਜਾਗਰੂਕ ਹੁੰਦੀ ਹੈ ਤਾਂ ਅਜਿਹੀ ਸਥਿਤੀ ਵਿਚ ਨਵੇਂ ਤਰ੍ਹਾਂ ਦੇ ਮਸਲੇ ਪੈਦਾ ਹੋਣੇ ਲਾਜ਼ਮੀ ਹਨ। ਉਨ੍ਹਾਂ ਦਾ ਵਰਤਮਾਨ ਅਤੇ ਭਵਿੱਖ ਇਕ ਅੱਤ-ਵਿਕਸਿਤ ਦੇਸ਼ ਦੇ ਅਜਿਹੇ ਸਮਾਜ-ਸਭਿਆਚਾਰ ਨਾਲ ਜੁੜਿਆ ਹੈ ਜਿਸਦੀ ਆਪਣੀ ਇਕ ਵੱਖਰੀ ਕਿਸਮ ਦੀ ਪਰੰਪਰਾ ਰਹੀ ਹੈ। ਪਰ ਇਥੋਂ ਕਾਮੇ ਬਣਕੇ ਗਏ ਪੰਜਾਬੀਆਂ ਜਾਂ ਏਸ਼ੀਆਈ ਲੋਕਾਂ ਨੇ ਉਸ ਸਭਿਆਚਾਰ ਨੂੰ ਸਤਹੀ ਤੌਰ 'ਤੇ ਹੀ ਵੇਖਣ ਦਾ ਜਤਨ ਕੀਤਾ ਸੀ। ਉਸਦੇ ਮਗਰ ਲੱਗਣ ਦੀ ਕੋਸ਼ਿਸ਼ ਵੀ ਕੀਤੀ ਪਰ ਫ਼ਰਕ ਕਿਉਂਕਿ ਸਿਰਫ ਸਭਿਆਚਾਰ ਦਾ ਜਾਂ ਭਾਸ਼ਾ ਦਾ ਹੀ ਨਹੀਂ ਸੀ ਸਗੋਂ ਰੰਗ ਤੇ ਨਸਲ ਦਾ ਵੀ ਸੀ। ਇਨ੍ਹਾਂ ਨਵੀਆਂ ਸਥਿਤੀਆਂ ਨੇ ਹੋਰ ਵੀ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਪੈਦਾ ਕੀਤੀਆਂ। ਕੁਝ ਵਿਤਕਰੇ ਅਤੇ ਤੰਗ-ਸੋਚ ਤਾਂ ਲੋਕੀਂ ਇਥੋਂ ਨਾਲ ਹੀ ਲੈਕੇ ਤੁਰੇ ਸਨ ਜਿਸਨੇ ਏਸ਼ੀਆਈ ਮੂਲ ਦੇ ਲੋਕਾਂ ਦੀਆਂ ਆਪਸੀ ਵੱਖਰਤਾਵਾਂ ਨੂੰ ਵੀ ਤਨਾਓ ਦਾ ਰੂਪ ਦੇ ਦਿੱਤਾ। ਆਪਣੀ ਵੱਖਰੀ ਪਛਾਣ ਨੂੰ ਕਾਇਮ ਰੱਖਣ ਜਾਂ ਬਚਾਕੇ ਰੱਖਣ ਦੀ ਜੱਦੋ-ਜਹਿਦ ਨੇ ਕਈ ਗ਼ੈਰ-ਮਨੁੱਖੀ ਘਟਨਾਵਾਂ ਨੂੰ ਵੀ ਅੰਜਾਮ ਦਿੱਤਾ। ਇਨ੍ਹਾਂ ਵਿਚੋਂ ਹੀ ਇਕ ਗ਼ੈਰ-ਮਨੁੱਖੀ ਵਰਤਾਰਾ ਹੈ ਔਨਰ ਕਿਲਿੰਗ ਦਾ; ਜਿਸ ਦੁਆਲੇ ਨਾਵਲ ਦਾ ਬਿਰਤਾਂਤ ਉਸਰਦਾ ਜਾਪਦਾ ਹੈ। ਪੰਜਾਬੀ ਨਾਵਲ ਵਿਚ ਇਹ ਕੁਝ ਅਜਿਹੇ ਨਿਵੇਕਲੇ ਸਰੋਕਾਰ ਹਨ ਜੋ ਇਸ ਨਾਵਲ ਰਾਹੀਂ ਪੇਸ਼ ਹੋ ਰਹੇ ਹਨ।

ਨਾਵਲ ਦਾ ਕਥਾ ਸੰਸਾਰ ਮੁੱਖ ਤੌਰ 'ਤੇ ਪੰਜ ਪਰਿਵਾਰਾਂ ਦੀਆਂ ਜੀਵਨ ਘਟਨਾਵਾਂ ਦੁਆਲੇ ਘੁੰਮਦਾ ਹੈ। ਨਾਵਲਕਾਰ ਨੇ ਇਨ੍ਹਾਂ ਦਾ ਬਿਰਤਾਂਤ ਵਾਰੋ ਵਾਰੀ ਪੇਸ਼ ਕੀਤਾ ਹੈ। ਨਾਵਲ ਦੇ ਅਰੰਭ ਵਿਚ ਜਗਮੋਹਨ ਦੀ ਮਨੋ-ਸਥਿਤੀ ਲਈ ਜ਼ਿੰਮੇਵਾਰ ਘਟਨਾ ਦਾ ਜਦ ਅਗਲੇਰੇ ਕਥਾ ਵਿਸਤਾਰ ਨਾਲ ਪ੍ਰਗਟਾਵਾ ਕੀਤਾ ਜਾਂਦਾ ਹੈ ਤਾਂ 'ਔਨਰ ਕਿਲਿੰਗ' ਦੀ ਘਟਨਾ ਪੂਰੇ ਨਾਵਲ ਦੇ ਫੋਕਸ ਵਿਚ ਉਤਰ ਜਾਂਦੀ ਹੈ। ਪੰਜਾਬੀ ਜਾਂ ਭਾਰਤੀ ਸਮਾਜ ਆਪਣੀ ਪਰੰਪਰਾ ਵਿਚੋਂ ਔਰਤ ਬਾਰੇ ਜਿਸ ਕਿਸਮ ਦੀ ਮਾਨਸਿਕਤਾ ਨੂੰ ਨਿਭਾਉਂਦਾ ਆਇਆ ਹੈ ਉਹ ਨਵੇਂ ਯੁੱਗ ਵਿਚ ਨਵੇਂ ਹਾਲਾਤ ਜਾਂ ਮਾਹੌਲ ਵਿਚ ਵੀ ਉਸ ਮਾਨਸਿਕਤਾ ਨੂੰ ਤਿਆਗਣ ਲਈ ਤਿਆਰ ਨਹੀਂ ਹੈ। ਨਾਵਲ ਵਿਚ ਇਹ ਮੁੱਦਾ ਬਹੁਤ ਅਹਿਮ ਬਣਕੇ ਉੱਭਰਦਾ ਹੈ ਕਿ ਕਿਸੇ ਇਕ ਸਮਾਜ-ਸਭਿਆਚਾਰ ਵਿਚ ਔਰਤ ਨੂੰ ਕਿਸ ਤਰ੍ਹਾਂ ਦਾ ਸਥਾਨ ਹਾਸਲ ਹੈ। ਇਕ

---

[3] ਹਰਜੀਤ ਅਟਵਾਲ, ਸਾਊਥਾਲ, ਪੰਨਾ-175

ਪਾਸੇ ਉਸਦਾ ਸ਼ੋਸ਼ਣ ਕਰਨ ਵਾਲੇ ਲੋਕ ਵੀ ਉਸਦੇ ਆਪਣੇ ਹੀ ਸਮਾਜ ਦੇ ਹਨ ਤੇ ਦੂਜੇ ਪਾਸੇ ਉਹੀ ਔਰਤ 'ਖਾਨਦਾਨੀ ਇੱਜ਼ਤ' ਦੇ ਦਾਅਵਿਆਂ ਹੇਠ ਕਤਲ ਵੀ ਕਰ ਦਿੱਤੀ ਜਾਂਦੀ ਹੈ। ਨਾਵਲ ਦੀ ਸ਼ੁਰੂਆਤ ਕਿਉਂਕਿ ਸੁੱਖੀ ਦੇ ਕਤਲ ਦੇ ਜ਼ਿਕਰ ਨਾਲ ਹੁੰਦੀ ਹੈ ਇਸ ਲਈ ਇਹ ਮਸਲਾ ਪਾਠਕਾਂ ਦੇ ਮਨ ਵਿਚ ਨਿਰੰਤਰ ਉਤਸੁਕਤਾ ਦਾ ਕਾਰਣ ਵੀ ਬਣਦਾ ਹੈ। ਹਰਜੀਤ ਅਟਵਾਲ ਦੀ ਨਾਵਲੀ ਪੇਸ਼ਕਾਰੀ ਦੀ ਖੂਬੀ ਇਹ ਹੈ ਕਿ ਉਸਨੇ ਔਨਰ ਕਿਲਿੰਗ ਦਾ ਵੇਗ ਪੈਦਾ ਕਰਨ ਵਾਲੀ ਮਨੋ ਅਵਸਥਾ ਨੂੰ ਉਨ੍ਹਾਂ ਪਾਤਰਾਂ ਵਿਚ ਬਾਖੂਬੀ ਪੈਦਾ ਕੀਤਾ ਹੈ ਜਿਹੜੇ ਕਿ ਸਮਾਜ ਵਿਚ ਬਹੁਤ ਸਧਾਰਣ ਢੰਗ ਨਾਲ ਵਿਚਰਦੇ ਜਾਪਦੇ ਹਨ। ਪਰ ਅੰਤ ਵਿਚ ਜਦ ਉਨ੍ਹਾਂ ਦਾ ਆਪਣਾ ਸਾਹਮਣਾ ਸੁੱਖੀ ਵਰਗੀ ਸਥਿਤੀ ਨਾਲ ਹੁੰਦਾ ਹੈ ਤਾਂ ਉਹ ਵੀ ਸਾਧੂ ਸਿੰਘ ਵਾਲਾ ਰਾਹ ਅਪਣਾਉਂਦੇ ਹਨ। ਉਨ੍ਹਾਂ ਦਾ ਜਨੂੰਨ ਪਰਵਾਸੀ ਮਾਹੌਲ ਦੀਆਂ ਸਭਿਆਚਾਰਕ ਸੱਚਾਈਆਂ ਨੂੰ ਅਖੋ-ਪਰੋਖੇ ਕਰ ਦਿੰਦਾ ਹੈ। ਜਿਵੇਂ ਕਿ ਪਾਲਾ ਸਿੰਘ ਸਾਧੂ ਸਿੰਘ ਨਾਲ ਗੱਲ ਕਰਦਾ ਹੈ:

> "ਇਹ ਹੀਰੋਇਜ਼ਮ ਜ਼ਿੰਦਗੀ ਦੀ ਸੱਚਾਈ ਨਹੀਂ ਐ, ਸੱਚਾਈ ਇਹ ਐ ਜਿਹੜੀ ਮੈਂ ਭੁਗਤ ਰਿਹਾਂ।"
>
> "ਨਹੀਂ ਸੱਚਾਈ ਉਹ ਐ ਸਾਧੂ ਸਿਆਂ, ਜਿਹੜੀ ਮੈਂ ਭੁਗਤ ਰਿਹਾਂ ਜਾਂ ਜੇਲ੍ਹ ਆਉਣ ਤੋਂ ਪਹਿਲਾਂ ਤੂੰ ਭੁਗਤ ਰਿਹਾ ਸੀ। ਸੱਚ ਦੱਸ ਇਹ ਕੰਮ ਕਰਕੇ ਕਿੰਨੀ ਕੁ ਤਸੱਲੀ ਮਿਲੀ ਸੀ?"
>
> "ਤਸੱਲੀ ਤਾਂ ਬਹੁਤ ਮਿਲੀ ਸੀ।"
>
> "ਬਸ ਏਸ ਤਸੱਲੀ ਨੂੰ ਪ੍ਰਾਪਤ ਕਰਨ ਵਾਸਤੇ ਮੈਂ ਭੱਜਾ ਫਿਰਦਾਂ। ਤੂੰ ਮੇਰੀ ਮਦਦ ਕਰ, ਕੋਈ ਬੰਦਾ ਦੱਸ।"

ਇਥੇ ਆਪਣੇ ਹੀ ਬੱਚੇ ਦਾ ਕਤਲ 'ਤਸੱਲੀ' ਨੂੰ ਦਰਸਾਉਂਦਾ ਹੈ ਭਾਵ ਇਹ ਕਿ ਭਾਰਤੀ ਸਭਿਆਚਾਰ ਨੇ ਜਿਸ ਵਿਸਤ੍ਰਿਤ ਰਿਸ਼ਤਾ ਨਾਤਾ-ਪ੍ਰਣਾਲੀ ਵਿਚ ਇਕ ਵਿਅਕਤੀ ਦੀ ਹੋਂਦ ਨੂੰ ਨਿਸ਼ਚਿਤ ਕੀਤਾ ਹੋਇਆ ਉਸ ਵਿਚ ਇਕ ਵਿਅਕਤੀ ਨਾਲੋਂ ਉਸਦੇ ਸਮਾਜ ਅਤੇ ਸਭਿਆਚਾਰ ਦਾ ਗੌਰਵ ਵਧੇਰੇ ਅਹਿਮੀਅਤ ਰਖਦਾ ਹੈ।

ਨਾਵਲ ਵਿਚ ਪੰਜਾਬੀ ਔਰਤ ਦੀ ਅਜੋਕੀ ਸਥਿਤੀ ਨੂੰ ਵੀ ਬਹੁਤ ਯਥਾਰਥ ਰੂਪ ਵਿਚ ਉਸਾਰਿਆ ਗਿਆ ਹੈ। ਆਦਮੀ ਤਾਂ ਅੰਗਰੇਜ਼ੀ ਸਭਿਆਚਾਰ ਦੀਆਂ ਸਾਰੀਆਂ ਖੁਲ੍ਹਾਂ ਨੂੰ ਮਾਣ ਰਿਹਾ ਹੈ ਤੇ ਆਪਣੇ ਪੁੱਤਰਾਂ ਲਈ ਵੀ ਨਿਸਚਿੰਤ ਹੈ ਪਰ ਆਪਣੀਆਂ ਧੀਆਂ ਜਾਂ ਔਰਤ ਦੀ ਅਜ਼ਾਦੀ ਨੂੰ ਉਹ ਬਰਦਾਸ਼ਤ ਨਹੀਂ ਕਰ ਸਕਦਾ। ਸਵੀਮਿੰਗ

ਪੂਲ ਵਿਚ ਅਜ਼ਾਦ ਤੈਰ ਸਕਣ ਵਾਂਗ ਲੜਕੀਆਂ ਉਥੋਂ ਦੇ ਸਮਾਜ ਦਾ ਹਿੱਸਾ ਤਾਂ ਬਣਦੀਆਂ ਨਜ਼ਰ ਆਉਂਦੀਆਂ ਹਨ ਪਰ ਪੰਜਾਬੀ ਸਮਾਜ ਦੀਆਂ ਜਗੀਰੂ ਕਦਰਾਂ-ਕੀਮਤਾਂ ਦੀਆਂ ਬੰਦਿਸ਼ਾਂ ਉਨ੍ਹਾਂ ਨੂੰ ਘਰ ਤੋਂ ਦੂਰ ਕਰ ਰਹੀਆਂ ਹਨ ਜਾਂ ਫਿਰ ਮੌਤ ਉਨ੍ਹਾਂ ਦੀ ਉਡੀਕ ਕਰਦੀ ਹੈ। ਬਰਤਾਨੀਆ ਵਰਗੇ ਵਿਕਸਿਤ ਸਮਾਜ ਵਿਚ ਜਿਥੇ ਔਰਤ ਨੂੰ ਆਪਣੀ ਵਿਅਕਤੀਗਤ ਅਜ਼ਾਦੀ ਮਾਨਣ ਦਾ ਪੂਰਾ ਅਧਿਕਾਰ ਪ੍ਰਾਪਤ ਹੈ, ਉਥੇ ਵੀ ਭਾਰਤੀ ਜਾਂ ਏਸ਼ੀਆਈ ਸਮਾਜ ਦੀਆਂ ਔਰਤਾਂ ਆਪਣੀਆਂ ਪੁਰਾਣੀਆਂ ਸਮਾਜਕ ਬੰਦਸ਼ਾਂ ਵਿਚ ਵਿਚਰਨ ਲਈ ਮਜਬੂਰ ਜਾਪਦੀਆਂ ਹਨ। ਅਜ਼ਾਦ ਵਿਚਰਨ ਦਾ ਨਤੀਜਾ ਉਸਦੇ ਸ਼ਰੀਰਕ ਸ਼ੋਸ਼ਣ ਲਈ ਜ਼ਿੰਮੇਵਾਰ ਬਣ ਜਾਂਦਾ ਹੈ ਜਾਂ ਘਰੇਲੂ ਹਿੰਸਾ ਦਾ ਜਾਂ ਫਿਰ 'ਔਨਰ ਕਿਲਿੰਗ' ਦਾ। ਨਾਵਲ ਵਿਚ ਕੁਝ ਵਿਸ਼ੇਸ਼ ਮਰਦ ਪਾਤਰਾਂ ਦੁਆਰਾ ਔਰਤਾਂ ਨਾਲ ਕੀਤੇ ਜਾਂਦੇ ਸਲੂਕ ਨੂੰ ਬਹੁਤ ਯਥਾਰਥ ਰੂਪ ਵਿਚ ਪੇਸ਼ ਕੀਤਾ ਹੈ ਤੇ ਇਹੋ ਸਮਾਜ ਵਿਚ ਫੈਲੀ ਹੋਈ ਬਿਮਾਰ ਮਾਨਸਿਕਤਾ ਦੇ ਲੱਛਣਾਂ ਵਾਂਗ ਵੀ ਪੇਸ਼ ਹੁੰਦੇ ਹਨ। ਇਸ ਬਿਮਾਰੀ ਦੀਆਂ ਜੜ੍ਹਾਂ ਸਾਡੇ ਸਭਿਆਚਾਰ ਦੀ ਉਸਾਰੀ ਜਿੰਨੀਆਂ ਪੁਰਾਣੀਆਂ ਹਨ ਤੇ ਦੂਜੇ ਦੇਸ਼ ਦੀ ਧਰਤੀ 'ਤੇ ਜਾਕੇ ਵੀ ਆਪਣਾ ਵਜੂਦ ਤਲਾਸ਼ਦੀਆਂ ਜਾਪਦੀਆਂ ਹਨ। ਸਭਿਆਚਾਰਕ ਆਦਾਨ-ਪ੍ਰਦਾਨ ਦੇ ਉਸਾਰੂ ਅਮਲ ਦੀ ਨਿਖੇਧੀ ਕਰਦੀਆਂ ਅਜਿਹੀਆਂ ਵਾਰਦਾਤਾਂ ਸਮਾਜ ਨੂੰ ਬੁਰਾ ਨਾਮ ਤਾਂ ਦੇ ਹੀ ਰਹੀਆਂ ਹਨ ਨਾਲੇ ਸਭਿਆਚਾਰ ਦੇ ਕੁਦਰਤੀ ਵਿਕਾਸ ਦੇ ਰਾਹ ਵਿਚ ਰੋੜਾ ਵੀ ਬਣ ਰਹੀਆਂ ਹਨ। ਕਿਉਂਕਿ 'ਔਨਰ ਕਿਲਿੰਗ' ਦਾ ਅਮਲ ਪੂਰਾ ਹੋਵੇ ਜਾਂ ਨਾ ਹੋਵੇ ਪਰ ਨਾਵਲ ਵਿਚ ਇਸ ਕੰਮ ਨੂੰ ਵੀ ਕਿਸੇ ਧਾਰਮਿਕ ਭਾਵ ਨਾਲ ਨੇਪਰੇ ਚਾੜ੍ਹਨ ਦੇ ਚਾਹਵਾਨ ਪਾਤਰਾਂ ਦੀ ਮਾਨਸਿਕਤਾ ਰਾਹੀਂ ਇਸ ਬਿਮਾਰੀ ਦੀ ਗੰਭੀਰਤਾ ਦਾ ਪਤਾ ਚਲਦਾ ਹੈ।

ਇਸ ਤਰ੍ਹਾਂ ਹਰਜੀਤ ਅਟਵਾਲ ਨੇ ਇਸ ਨਾਵਲ ਵਿਚ ਪ੍ਰਵਾਸੀ ਔਰਤ ਦੀਆਂ ਵਰਤਮਾਨ ਸਥਿਤੀਆਂ ਦੁਆਲੇ ਅਜਿਹਾ ਕਥਾ-ਵਸਤੂ ਸਿਰਜਿਆ ਹੈ ਜੋ ਆਪਣੀ ਅਜ਼ਾਦੀ ਦੀ ਤਲਾਸ਼ ਕਰਦੀ ਔਰਤ ਦੀ ਜੱਦੋ-ਜਹਿਦ ਨੂੰ ਵੀ ਚਿੱਤਰਦਾ ਹੈ ਤੇ ਉਸਦੇ ਭਵਿੱਖ ਵੱਲ ਵੀ ਇਸ਼ਾਰਾ ਕਰਦਾ ਜਾਪਦਾ ਹੈ। ਇਸ ਤੋਂ ਇਲਾਵਾ ਨਾਵਲ ਵਿਚ ਹੋਰ ਵੀ ਕੁਝ ਅਹਿਮ ਮਸਲੇ ਦ੍ਰਿਸ਼ਟੀਗੋਚਰ ਹੁੰਦੇ ਹਨ। ਨਾਵਲਕਾਰ ਦਾ ਇਹ ਵਿਚਾਰ ਵੀ ਕਾਫੀ ਹੱਦ ਤੱਕ ਠੀਕ ਜਾਪਦਾ ਹੈ ਕਿ ਉਨ੍ਹਾਂ ਨੇ "ਅੰਗਰੇਜ਼ੀ ਸਭਿਆਚਾਰ ਨੂੰ ਅਪਨਾਉਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਕਿਉਂਕਿ ਇਵੇਂ ਸਭਿਆਚਾਰ ਅਪਣਾਏ ਵੀ ਨਹੀਂ ਜਾ ਸਕਦੇ।" ਇਸ ਸੰਦਰਭ ਵਿਚ 'ਸਾਊਥਾਲ' ਇਕ ਅਜਿਹਾ ਬਿੰਬ ਬਣਕੇ ਪੇਸ਼ ਹੁੰਦਾ ਹੈ ਜੋ ਕਿ ਪੰਜਾਬੀਆਂ ਦਾ ਗੜ੍ਹ ਬਣ ਗਿਆ ਹੈ। ਪੰਜਾਬੀਆਂ ਦੀ ਬਹੁ-ਗਿਣਤੀ ਹੋਣ ਦਾ ਨਤੀਜਾ ਇਹ ਹੋਇਆ ਕਿ ਅੰਗਰੇਜ਼ੀ ਸਭਿਆਚਾਰ ਦਾ ਪ੍ਰਭਾਵ ਕਬੂਲਣ ਦੀ ਮਜਬੂਰੀ ਤਾਂ ਘੱਟ ਗਈ ਸਗੋਂ ਉਥੋਂ ਦੇ ਸਿਸਟਮ ਵਿਚ ਵੀ ਫੇਰ-ਬਦਲ ਸ਼ੁਰੂ

ਕਰ ਦਿੱਤਾ। ਰਾਜਨੀਤਕ ਤਾਕਤ ਨੂੰ ਵੀ ਆਪਣੇ ਹੱਥ ਵਿਚ ਕਰਨ ਦਾ ਜਤਨ ਆਰੰਭ ਹੋ ਗਿਆ ਜਿਸ ਵਿਚ ਸਫਲਤਾ ਵੀ ਮਿਲੀ। ਪਰ ਇਸ ਨਾਲ ਇਕ ਹੋਰ ਵੀ ਗੱਲ ਵਾਪਰੀ ਕਿ ਏਸ਼ੀਆਈ ਮੂਲ ਦੇ ਲੋਕਾਂ ਵਿਚਕਾਰ ਆਪੋ-ਵਿਚਲੇ ਵੈਰ-ਵਿਰੋਧ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ। ਉਹ ਭਾਵੇਂ ਧਰਮ ਦੇ ਹੋਣ ਜਾਂ ਫਿਰ ਜਾਤ-ਪਾਤ ਦੇ। ਪੰਜਾਬੀ ਸਮਾਜ ਨੂੰ ਉਥੇ ਬਹੁ-ਪੱਧਰੀ ਲੜਾਈ ਲੜਨੀ ਪੈ ਰਹੀ ਹੈ। ਇਕ ਤਾਂ ਉਥੋਂ ਦੇ ਅੱਤ-ਵਿਕਸਤ ਸਮਾਜ ਵਿਚੋਂ ਉਪਜੀਆਂ ਨਹੀਂਆਂ ਲਾਹਨਤਾਂ ਨਾਲ ਅਤੇ ਦੂਜੇ ਪਾਸੇ ਆਪਣੇ ਹੀ ਸਭਿਆਚਾਰ ਵਿਚੋਂ ਉਪਜੀਆਂ ਕੁਝ ਸੰਕੀਰਣ ਸੋਚਾਂ ਨਾਲ ਵੀ। ਹਰਜੀਤ ਅਟਵਾਲ ਦਾ ਮੰਨਣਾਂ ਹੈ ਕਿ ਇਸ ਅਮਲ ਵਿਚੋਂ ਇਕ ਨਵੀਂ ਕਿਸਮ ਦਾ ਸਭਿਆਚਾਰ ਜਨਮ ਲੈ ਰਿਹਾ ਹੈ ਜੋ ਨਾਂ ਤਾਂ ਪੂਰੀ ਤਰ੍ਹਾਂ ਪੰਜਾਬੀ ਹੈ ਅਤੇ ਨਾਂ ਹੀ ਅੰਗਰੇਜ਼ੀ ਹੈ।

ਨਾਵਲ ਵਿਚ ਪੇਸ਼ ਹੋਏ ਸਾਰੇ ਪਰਿਵਾਰਾਂ ਦੇ ਬੱਚੇ, ਜੋ ਕਿ ਅਗਲੀ ਪੀੜ੍ਹੀ ਦੀ ਪ੍ਰਤਿਨਿੱਧਤਾ ਕਰਦੇ ਹਨ, ਉਥੋਂ ਦੇ ਸਭਿਆਚਾਰ ਨੂੰ ਸਹਿਜ ਰੂਪ ਵਿਚ ਗ੍ਰਹਿਣ ਕਰ ਰਹੇ ਹਨ ਪਰ ਉਨ੍ਹਾਂ ਦੀ ਆਪਣੀ ਪਛਾਣ ਉਨ੍ਹਾਂ ਦੇ ਸੁਪਨਿਆਂ ਨੂੰ ਕਤਲ ਕਰ ਰਹੀ ਜਾਪਦੀ ਹੈ। ਇੰਨੇ ਗੁੰਝਲਦਾਰ ਮਸਲਿਆਂ ਵਿਚੋਂ ਦੀ ਲੰਘ ਰਿਹਾ ਬਰਤਾਨਵੀ ਪੰਜਾਬੀ ਸਮਾਜ ਹੁਣ ਇਕ ਫੈਸਲਾਕੂਨ ਪੜਾਅ ‘ਤੇ ਪਹੁੰਚ ਗਿਆ ਲਗਦਾ ਹੈ ਜਿਥੇ ਕਿ ਦੋਹਾਂ ਪੀੜ੍ਹੀਆਂ ਨੇ ਆਪੋ ਆਪਣੇ ਭਵਿੱਖ ਦਾ ਫੈਸਲਾ ਲੈਣਾ ਹੈ।

---()---